# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਹਾਂਗ ਕਾਂਗ ਅਬਜ਼ਰਵੇਟਰੀ

ਹਾਂਗ ਕਾਂਗ ਅਬਜ਼ਰਵੇਟਰੀ (HKO) ਦਾ ਉਦੇਸ਼ ਆਮ ਜਨਤਾ ਦੇ ਨਾਲ ਨਾਲ, ਸਮੁੰਦਰੀ ਅਤੇ ਹਵਾਈ ਜ਼ਹਾਜ਼ ਖੇਤਰਾਂ ਦੇ ਵਿਸ਼ੇਸ਼ ਉਪਭੋਗੀਆ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮੌਸਮ ਸੰਬੰਧੀ ਉੱਚ ਪੱਧਰੀ ਸੇਵਾਵਾਂ ਮੁਹੱਈਆ ਕਰਾਉਣਾ ਹੈ। HKO ਲਈ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਉਹਨਾਂ ਦੀ ਆਪਣੀਆਂ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣਾ ਬਹੁਤ ਮਹੱਤਤਾ ਰੱਖਦਾ ਹੈ।

| | |
|---|---|
| ਸਬੰਧਿਤ ਸੇਵਾਵਾਂ | • HKO (a) ਮੌਸਮ ਦੀ ਭਵਿੱਖਬਾਣੀ ਕਰਨ ਅਤੇ ਖ਼ਤਰਨਾਕ ਮੌਸਮ ਬਾਰੇ ਚੇਤਾਵਨੀ ਜਾਰੀ ਕਰਨ; (b) ਹਾਂਗ ਕਾਂਗ ਵਿੱਚ ਵਾਤਾਵਰਣ ਦੇ ਰੇਡੀਏਸ਼ਨ ਪੱਧਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ; ਅਤੇ (c) ਹਾਂਗ ਕਾਂਗ ਸਮੇਂ ਦੇ ਮਿਆਰ ਨੂੰ ਕਾਇਮ ਰੱਖਣ ਅਤੇ ਭੂ-ਵਿਗਿਆਨ, ਸਮੁੰਦਰੀ ਵਿਗਿਆਨ, ਖਗੋਲ-ਵਿਗਿਆਨ ਅਤੇ ਜਲਵਾਯੂ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ। |
| ਮੌਜੂਦਾ ਉਪਾਅ | • HKO ਮੌਸਮ ਦੀ ਚੇਤਾਵਨੀ ਅਤੇ ਸੇਵਾਵਾਂ ਬਾਰੇ ਜਾਣਕਾਰੀ HKO ਦੀ ਵੈੱਬਸਾਈਟ ਤੇ ਹਾਂਗ ਕਾਂਗ ਦੀਆਂ ਦੋ ਸਰਕਾਰੀ ਭਾਸ਼ਾਵਾਂ (ਅਰਥਾਤ ਚੀਨੀ ਅਤੇ ਅੰਗਰੇਜੀ) ਵਿੱਚ ਉਪਲਬਧ ਹੈ। ਮੌਸਮ ਦੀ ਮੁੱਢਲੀ ਜਾਣਕਾਰੀ ਵੱਖੋ-ਵੱਖ ਭਾਸ਼ਾਵਾਂ[1] ਵਿੱਚ ਮੁਹੱਈਆ ਕਰਵਾਉਣ ਲਈ ਵਿਅਕਤੀਗਤ ਮੌਸਮ ਵੈਬਸਾਈਟ ਵੀ ਸ਼ੁਰੂ ਕੀਤੀ ਗਈ ਹੈ।<br><br>• ਆਮ ਲੋਕਾਂ ਨੂੰ ਵੰਡਣ ਲਈ ਜਾਣਕਾਰੀ ਭਰਪੂਰ ਅਤੇ ਵਿਦਿਅਕ ਪਰਚੇ/ਪੁਸਤਕਾਂ ਵੀ ਦੋਵੇਂ ਸਰਕਾਰੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ, HKO ਨੇ ਮੌਸਮ ਦੀਆਂ ਚੇਤਾਵਨੀਆਂ ਬਾਰੇ ਪੰਜ ਪਰਚੇ ("*ਤੂਫ਼ਾਨੀ ਬਾਰਿਸ਼ ਦੀ ਚੇਤਾਵਨੀ ਪ੍ਰਣਾਲੀ*", "*ਠੰਡਾ ਅਤੇ ਬਹੁਤ ਗਰਮ ਮੌਸਮ*", "*ਹਾਂਗ ਕਾਂਗ ਦੇ ਗਰਮ-ਖੰਡੀ ਚੱਕਰਵਾਤ ਚੇਤਾਵਨੀ ਸੰਕੇਤ*", "*ਜ਼ੋਰਦਾਰ ਮੌਨਸੂਨ ਸੰਕੇਤ*" ਅਤੇ "*ਤੂਫ਼ਾਨ ਦਾ ਨਿਰਮਾਣ ਅਤੇ ਖਤਰੇ*" ) ਦਾ ਅਨੁਵਾਦ ਵੱਖੋ-ਵੱਖ ਭਾਸ਼ਾਵਾਂ[1] ਵਿੱਚ ਕੀਤਾ ਹੈ ਜੋ ਕਿ HKO ਦੀ |

[1] ਭਾਸ਼ਾਵਾਂ ਵਿੱਚ ਹਿੰਦੀ, ਨੇਪਾਲੀ, ਉਰਦੂ, ਥਾਈ, ਬਹਾਸਾ ਇੰਡੋਨੇਸ਼ੀਆ, ਤਾਗਾਲੋਗ, ਪੰਜਾਬੀ ਅਤੇ ਵੀਅਤਨਾਮੀ ਸ਼ਾਮਲ ਹਨ।

ਵੈੱਬਸਾਈਟ[2] ਉੱਤੇ ਅਪਲੋਡ ਕੀਤੇ ਗਏ ਹਨ।

(https://www.hko.gov.hk/en/publica/pubgen.htm).

<table>
<tr><td></td><td>

- ਜਨਤਕ ਸਿੱਖਿਆ ਲਈ ਚੀਨੀ ਭਾਸ਼ਾ ਵਿੱਚ ਤਿਆਰ ਕੀਤੇ ਔਨਲਾਈਨ ਵੀਡੀਓ ਕੋਰਸ, ਅੰਸ਼ਿਕ ਤੌਰ 'ਤੇ ਅੰਗਰੇਜ਼ੀ[3] ਵਿੱਚ ਉਪਲਬਧ ਹਨ।
- HKO ਦੇ ਮੁੱਖ-ਦਫ਼ਤਰ ਅਤੇ ਰਿਸੋਰਸ ਸੈਂਟਰ 'ਤੇ ਮੌਜੂਦ ਕਾਊਂਟਰ ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਭਾਸ਼ਾ ਪਛਾਣ ਕਾਰਡ ਪ੍ਰਦਾਨ ਕਰਦਾ ਹੈ ਤਾਂ ਜੋ ਲੋੜ ਪੈਣ 'ਤੇ ਭਾਸ਼ਾ ਸਹਾਇਤਾ ਲਈ ਮਦਦ ਪ੍ਰਾਪਤ ਕੀਤੀ ਜਾ ਸਕੇ।

</td></tr>
<tr><td>ਭਵਿੱਖ ਦੇ ਕੰਮ ਦਾ ਮੁਲਾਂਕਣ ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ</td><td>

- HKO ਸਮੇਂ ਸਮੇਂ ਤੇ ਵੱਖ ਵੱਖ ਨਸਲ ਦੇ ਲੋਕਾਂ ਦੀਆਂ ਜਰੂਰਤਾਂ ਦੀ ਪੂਰਤੀ ਦੇ ਦ੍ਰਿਸ਼ਟੀਕੋਣ ਨਾਲ ਸਾਡੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ।
- HKO ਵੱਖ ਵੱਖ ਭਾਸ਼ਾਵਾਂ ਵਿਚ ਹੋਰ ਮੌਸਮ ਦੀਆਂ ਚੇਤਾਵਨੀਆਂ ਦੇ ਪਰਚੇ/ਪੁਸਤਿਕਾਵਾਂ ਪ੍ਰਦਾਨ ਕਰੇਗਾ।
- HKO ਲੋੜ ਅਨੁਸਾਰ ਵੱਖ ਵੱਖ ਨਸਲਾਂ ਦੇ ਲੋਕਾਂ ਲਈ ਵਿੱਦਿਅਕ ਗਤੀਵਿਧੀਆਂ ਦਾ ਪ੍ਰਬੰਧ ਕਰੇਗਾ, ਜਿਵੇਂ ਕਿ HKO ਦੇ ਦੌਰੇ।
- HKO ਜਨਤਕ ਸਿੱਖਿਆ ਲਈ ਹੋਰ ਦੋਭਾਸ਼ੀ ਔਨਲਾਈਨ ਵੀਡੀਓ ਕੋਰਸ ਪ੍ਰਦਾਨ ਕਰੇਗਾ।

</td></tr>
</table>

[2] ਪਬਲੀਕੇਸ਼ਨ ਨੰ. 20,25,33,35,44

[3] "ਮੌਸਮ ਨਿਰੀਖਣ 'ਤੇ ਔਨਲਾਈਨ ਵੀਡੀਓ ਕੋਰਸ" ਲੜੀ ਦੇ ਸਾਰੇ *13* ਭਾਗ ਸ਼ਾਮਲ ਹਨ।

ਪੁੱਛਗਿੱਛ ਲਈ, ਕਿਰਪਾ ਕਰਕੇ ਹੇਠ ਦਿੱਤੇ ਮਾਧਿਅਮਾਂ ਰਾਹੀਂ ਸ਼੍ਰੀ ਮਾਨ ਐਲਨ ਵੋਂਗ(Alan WONG), ਸਹਾਇਕ ਵਿਭਾਗ ਸਕੱਤਰ (ਜਨਰਲ) 2 ਨਾਲ ਸੰਪਰਕ ਕਰੋ:-

| | | |
|---|---|---|
| ਟੈਲੀਫੋਨ | : | 2926 8039 |
| ਫੈਕਸ | : | 2311 9448 |
| ਈਮੇਲ | : | mailbox@hko.gov.hk |
| ਡਾਕ | : | Hong Kong Observatory<br>134A Nathan Road<br>Kowloon<br>Hong Kong |

**ਹਾਂਗ ਕਾਂਗ ਅਬਜਰਵੇਟਰੀ**

**ਮਈ 2023**